# ਨਿੱਜੀ ਬੀਮਾ ਧਾਰਕ ਲਈ ਮੁਆਵਜ਼ੇ ਦੀ ਦਰ ਨਿਸ਼ਚਿਤ ਕਰਨਾ

## ਪਰਸਨਲ ਕਵਰੇਜ (ਨਿੱਜੀ ਬੀਮਾ) ਕੀ ਹੈ

ਪਰਸਨਲ ਕਵਰੇਜ ਕਾਮਿਆਂ ਦੇ ਮੁਆਵਜ਼ੇ ਦਾ ਵਿਕਲਪਿਕ ਬੀਮਾ ਹੈ (ਬਸ਼ਰਤੇ ਮਨਜ਼ੂਰੀ ਪ੍ਰਾਪਤ ਹੋਵੇ) | ਇਹ ਉਨ੍ਹਾਂ ਵਿਅਕਤੀਆਂ ਲਈ ਉਪਲਬਧ ਹੈ ਜੋ ਕਾਮਿਆਂ ਨੂੰ ਕੰਮ ਦਿੰਦੇ ਹਨ, ਜੋ ਕੰਮਦਾਤਾ ਹਨ, ਹਿੱਸੇਦਾਰੀ ਵਣਜ ਵਿੱਚ ਹਿੱਸੇਦਾਰ ਹਨ, ਕਿਸੇ ਕਾਰਪੋਰੇਸ਼ਨ ਦੇ ਨਿਰਦੇਸ਼ਕ ਜਾਂ ਫਿਰ ਕਿਸੇ ਐਸੋਸੀਏਸ਼ਨ, ਬੋਰਡ, ਅਥੌਰਟੀ, ਕਮਿਸ਼ਨ ਜਾਂ ਫਾਊਂਡੇਸ਼ਨ ਦੇ ਮੈਂਬਰ ਹਨ |

ਪਰਸਨਲ ਕਵਰੇਜ ਖਰੀਦਣ ਦੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਰਾਸ਼ੀ ਹੈ, ਅਤੇ ਕੁਝ ਉਦਯੋਗ ਗੂੰਟੀਡ ਕਵਰੇਜ ਰਾਸ਼ੀ (ਗੂੰਟੀਡ ਕਵਰੇਜ ਅਮਾਊਂਟ) ਜਾਂ ਜੀ ਸੀ ਏ ਮੁਹਈਆ ਕਰਾਉਂਦੇ ਹਨ |

## ਜੇਕਰ ਮੇਰੇ ਕੋਲ ਪਰਸਨਲ ਕਵਰੇਜ ਹੈ ਤਾਂ ਡਬਲਯੂ ਸੀ ਬੀ ਮੇਰਾ ਮੁਆਵਜ਼ਾ ਕਿਵੇਂ ਨਿਸ਼ਚਿਤ ਕਰਦਾ ਹੈ ?

ਮੁਆਵਜ਼ੇ ਦੀ ਦਰ ਇਸ ਤੱਥ ਤੇ ਨਿਰਭਰ ਹੈ ਕਿ ਫੱਟੜ ਹੋਣ ਵਾਲੀ ਮਿਤੀ ਨੂੰ ਤੁਹਾਡੇ ਕੋਲ ਪਰਸਨਲ ਕਵਰੇਜ ਦੀ ਕਿੰਨੀ ਰਾਸ਼ੀ ਸੀ |

**ਨਿਮਨਤਮ ਪਰਸਨਲ ਕਵਰੇਜ**

ਜੇਕਰ ਤੁਸੀਂ ਪਰਸਨਲ ਕਵਰੇਜ ਖਰੀਦਿਆ ਸੀ ਤਾਂ ਤੁਹਾਡੇ ਮੁਆਵਜ਼ੇ ਦੀ ਦਰ ਉਸੇ ਰਾਸ਼ੀ ਤੇ ਅਧਾਰਿਤ ਹੋਵੇਗੀ | ਤੁਹਾਡੀ ਨਿੱਜੀ ਕੰਮ ਸਬੰਧਿਤ ਆਮਦਨੀ ਦੀ ਪੁਸ਼ਟੀ ਲਈ ਤੁਹਾਨੂੰ ਸਾਨੂੰ ਕਰ ਦੇ ਦਸਤਾਵੇਜ਼ ਜਮ੍ਹਾਂ ਕਰਾਉਣ ਦੀ ਜ਼ਰੂਰਤ ਨਹੀਂ ਹੈ |

**ਪਰਸਨਲ ਕਵਰੇਜ, ਗੂੰਟੀਡ ਕਵਰੇਜ ਅਮਾਊਂਟ (ਜੀ ਸੀ ਏ) ਤੱਕ ਹੁੰਦਾ ਹੈ (ਜਾਂ ਉਸ ਦੇ ਬਰਾਬਰ ਤੱਕ)**

ਜੇਕਰ ਤੁਸੀਂ ਜੀ ਸੀ ਏ ਤੱਕ (ਜਾਂ ਉਸ ਦੇ ਬਰਾਬਰ) ਦਾ ਪਰਸਨਲ ਕਵਰੇਜ ਅਮਾਊਂਟ ਖਰੀਦਿਆ ਹੈ, ਤਾਂ ਮੁਆਵਜ਼ੇ ਦੀ ਦਰ ਤੁਹਾਡੇ ਪਰਸਨਲ ਕਵਰੇਜ ਅਮਾਊਂਟ ਤੇ ਅਧਾਰਿਤ ਹੋਵੇਗੀ | ਤੁਹਾਡੀ ਨਿੱਜੀ ਕੰਮ ਸਬੰਧਿਤ ਆਮਦਨੀ ਦੀ ਪੁਸ਼ਟੀ ਲਈ ਤੁਹਾਨੂੰ ਸਾਨੂੰ ਕਰ ਦੇ ਦਸਤਾਵੇਜ਼ ਦੇਣ ਦੀ ਜ਼ਰੂਰਤ ਨਹੀਂ ਹੈ |

**ਪਰਸਨਲ ਕਵਰੇਜ ਨਿਮਨਤਮ ਤੋਂ ਜ਼ਿਆਦਾ ਹੈ (ਉਦਯੋਗ ਲਈ ਕੋਈ ਜੀ ਸੀ ਏ ਨਹੀਂ)**

ਜੇਕਰ ਤੁਸੀਂ ਪਰਸਨਲ ਕਵਰੇਜ ਨਿਮਨਤਮ ਰਾਸ਼ੀ ਤੋਂ ਵੱਧ ਦਾ ਖਰੀਦਿਆ (ਪਰ ਕੋਈ ਜੀ ਸੀ ਏ ਨਹੀਂ ਹੈ) ਤਾਂ ਤੁਹਾਡੇ ਲਈ ਲਾਜ਼ਮੀ ਹੈ ਕਿ ਖਰੀਦੀ ਗਈ ਰਾਸ਼ੀ ਨੂੰ ਸਿੱਧ ਕਰਨ ਲਈ ਤੁਸੀਂ ਆਪਣੇ ਕੰਮ ਤੋਂ ਹੋਣ ਵਾਲੀ ਕਮਾਈ ਦੀ ਪੁਸ਼ਟੀ ਦੇ ਦਸਤਾਵੇਜ਼ ਪ੍ਰਸਤੁਤ ਕਰੋਂ |

- ਅਸੀਂ ਪਹਿਲਾਂ ਤੁਹਾਡੇ ਨਿਮਨਤਮ ਪਰਸਨਲ ਕਵਰੇਜ ਦੇ ਅਧਾਰ ਤੇ ਤੁਹਾਡੇ ਮੁਆਵਜ਼ੇ ਦੀ ਦਰ ਨਿਸ਼ਚਿਤ ਕਰਾਂਗੇ ਅਤੇ ਜਿਸ ਕਰ ਸਾਲ ਵਿੱਚ ਤੁਹਾਡੇ ਨਾਲ ਹਾਦਸਾ ਹੋਇਆ ਸੀ, ਉਸ ਸਾਲ ਤੋਂ ਪਹਿਲਾਂ ਵਾਲੇ ਸਾਲ ਦੇ ਕਰ ਦਸਤਾਵੇਜ਼ (ਟੀ ੧ ਜਨਰਲ) ਦੀ ਨਕਲ ਜਮ੍ਹਾਂ ਕਰਾਉਣ ਲਈ ਤੁਹਾਨੂੰ ਪੱਤਰ ਭੇਜਾਂਗੇ |
- ਜੇਕਰ ਤੁਹਾਡੇ ਕਰ ਦੇ ਦਸਤਾਵੇਜ਼ ਇਹ ਪੁਸ਼ਟੀ ਕਰਦੇ ਹਨ ਕਿ ਤੁਹਾਡੀ ਆਮਦਨੀ ਤੁਹਾਡੇ ਵੱਲੋਂ ਖਰੀਦੇ ਗਏ ਕਵਰੇਜ ਦੀ ਰਾਸ਼ੀ ਦੇ ਬਰਾਬਰ (ਜਾਂ ਉਸਤੋਂ ਵੱਧ ਹੈ), ਤੁਹਾਡੇ ਮੁਆਵਜ਼ੇ ਦੀ ਦਰ ਨੂੰ ਤੁਹਾਡੇ ਪਰਸਨਲ ਕਰਵਰੇਜ ਅਮਾਊਂਟ ਦੇ ਮੁਤਾਬਿਕ ਤਰਮੀਮ ਕੀਤਾ ਜਾਵੇਗਾ |
- ਜੇਕਰ ਤੁਹਾਡੇ ਕਰ ਦੇ ਦਸਤਾਵੇਜ਼ ਤੁਹਾਡੀ ਆਮਦਨੀ ਦਾ ਤੁਹਾਡੇ ਵੱਲੋਂ ਖਰੀਦੇ ਗਏ ਪਰਸਨਲ ਕਵਰੇਜ ਦੇ ਬਰਾਬਰ (ਜਾਂ ਉਸਤੋਂ ਵੱਧ) ਹੋਣ ਦੀ ਪੁਸ਼ਟੀ ਨਹੀਂ ਕਰਦੇ, ਤਾਂ ਤੁਹਾਡੇ ਮੁਆਵਜ਼ੇ ਦੀ ਦਰ ਤੁਹਾਡੀ ਤਸਦੀਕਸ਼ੁਦਾ ਆਮਦਨੀ ਜਾਂ ਨਿਮਨਤਮ ਪਰਸਨਲ ਕਵਰੇਜ ਤੇ ਅਧਾਰਿਤ ਹੋਵੇਗੀ - ਜਿਹੜਾ ਵੀ ਵੱਧ ਹੋਵੇਗਾ |

**ਪਰਸਨਲ ਕਵਰੇਜ ਗੂੰਟੀਡ ਕਵਰੇਜ ਅਮਾਊਂਟ ਤੋਂ ਵੱਧ ਹੈ (ਜੀ ਸੀ ਏ)**

ਜੇਕਰ ਤੁਸੀਂ ਪਰਸਨਲ ਕਵਰੇਜ ਜੀ ਸੀ ਏ ਤੋਂ ਵੱਧ ਦਾ ਖਰੀਦਿਆ ਹੈ, ਤਾਂ ਤੁਹਾਡੇ ਲਈ ਖਰੀਦੀ ਗਈ ਕਵਰੇਜ ਰਾਸ਼ੀ ਦੀ ਪੁਸ਼ਟੀ ਲਈ ਨਿੱਜੀ ਆਮਦਨੀ ਦੀ ਪੁਸ਼ਟੀ ਦੇ ਦਸਤਾਵੇਜ਼ ਮੁਹਈਆ ਕਰਾਉਣੇ ਲਾਜ਼ਮੀ ਹਨ |

- ਪਹਿਲਾਂ ਅਸੀਂ ਤੁਹਾਡੇ ਮੁਸਵਜ਼ੇ ਦੀ ਦਰ ਜੀ ਸੀ ਏ ਦੇ ਅਧਾਰ ਤੇ ਨਿਸ਼ਚਿਤ ਕਰਾਂਗੇ ਅਤੇ ਤੁਹਾਨੂੰ ਜਿਸ ਕਰ ਸਾਲ ਵਿੱਚ ਤੁਹਾਡੇ ਨਾਲ ਹਾਦਸਾ ਹੋਇਆ ਸੀ, ਉਸ ਸਾਲ ਤੋਂ ਠੀਕ ਪਹਿਲਾਂ ਵਾਲੇ ਸਾਲ ਦੇ ਕਰ ਦਸਤਾਵੇਜ਼ (ਟੀ ੧ ਜਨਰਲ) ਦੀ ਨਕਲ ਜਮ੍ਹਾਂ ਕਰਾਉਣ ਲਈ ਤੁਹਾਨੂੰ ਪੱਤਰ ਭੇਜਾਂਗੇ |
- ਜੇਕਰ ਤੁਹਾਡੇ ਕਰ ਦੇ ਦਸਤਾਵੇਜ਼ ਇਹ ਪੁਸ਼ਟੀ ਕਰਦੇ ਹਨ ਕਿ ਤੁਹਾਡੀ ਆਮਦਨੀ ਤੁਹਾਡੇ ਵੱਲੋਂ ਖਰੀਦੇ ਗਏ ਕਵਰੇਜ ਦੀ ਰਾਸ਼ੀ ਦੇ ਬਰਾਬਰ (ਜਾਂ ਉਸਤੋਂ ਵੱਧ) ਹੈ, ਤੁਹਾਡੇ ਮੁਆਵਜ਼ੇ ਦੀ ਦਰ ਨੂੰ ਤੁਹਾਡੇ ਪਰਸਨਲ ਕਰਵਰੇਜ ਅਮਾਊਂਟ ਦੇ ਮੁਤਾਬਿਕ ਤਰਮੀਮ ਕੀਤਾ ਜਾਵੇਗਾ |
- ਜੇਕਰ ਤੁਹਾਡੇ ਕਰ ਦੇ ਦਸਤਾਵੇਜ਼ ਤੁਹਾਡੀ ਆਮਦਨੀ ਦਾ ਤੁਹਾਡੇ ਵੱਲੋਂ ਖਰੀਦੇ ਗਏ ਪਰਸਨਲ ਕਵਰੇਜ ਦੇ ਬਰਾਬਰ (ਜਾਂ ਉਸ ਵੱਧ) ਹੋਣ ਦੀ ਪੁਸ਼ਟੀ ਨਹੀਂ ਕਰਦੇ, ਤਾਂ ਤੁਹਾਡੇ ਮੁਆਵਜ਼ੇ ਦੀ ਦਰ ਤੁਹਾਡੀ ਤਸਦੀਕਸ਼ੁਦਾ ਆਮਦਨੀ ਜਾਂ ਨਿਮਨਤਮ ਪਰਸਨਲ ਕਵਰੇਜ ਤੇ ਅਧਾਰਿਤ ਹੋਵੇਗੀ - ਜਿਹੜਾ ਵੀ ਵੱਧ ਹੋਵੇਗਾ |

## ਉਜਰਤ ਇਵਜ਼ ਭੱਤੇ (ਵੇਜ ਰਿਪਲੇਸਮੈਂਟ ਬੈਨੀਫ਼ਿਟ) ਵਜੋਂ ਮੈਨੂੰ ਕਿੰਨੀ ਰਾਸ਼ੀ ਮਿਲੇਗੀ

ਜੇਕਰ ਤੁਸੀਂ ਕੰਮ ਸਬੰਧਿਤ ਸੱਟ ਕਾਰਨ ਕੰਮ ਤੇ ਨਹੀਂ ਜਾ ਪਾ ਰਹੇ ਤਾਂ ਹੋ ਸਕਦਾ ਹੈ ਕਿ ਤੁਸੀਂ ਉਜਰਤ ਇਵਜ਼ ਭੱਤੇ ਨੂੰ ਪਾਉਣ ਦੇ ਯੋਗ ਹੋਵੋਂ | ਜਦੋਂ ਤੁਸੀਂ ਨਿੱਜੀ ਪਰਸਨਲ ਕਵਰੇਜ ਖਰੀਦਦੇ ਹੋ, ਖਰੀਦੀ ਗਈ ਰਾਸ਼ੀ ਸਲਾਨਾ ਗਰੌਸ ਆਮਦਨੀ ਤੇ ਅਧਾਰਿਤ ਹੁੰਦੀ ਹੈ | ਲੇਕਿਨ ਕਾਮਿਆਂ ਦੀ ਹਾਨਪੂਰਤੀ ਦੇ ਕਾਨੂੰਨ (ਡਬਲਯੂ ਸੀ ਐਕਟ) ਦਾ ਭਾਗ ੫੬ ਕਹਿੰਦਾ ਹੈ ਕਿ ਅਸੀਂ ਨੈੱਟ ਆਮਦਨੀ ਦੇ ੯੦ % ਦੇ ਅਧਾਰ ਤੇ ਮੁਆਵਜ਼ੇ ਦਾ ਭੁਗਤਾਨ ਕਰੀਏ |

## ਮੇਰੀ ਗਰੌਸ ਆਮਦਨੀ ਨਿਸ਼ਚਿਤ ਕਰਨ ਤੋਂ ਬਾਅਦ ਤੁਸੀਂ ਮੇਰੀ ਨੈੱਟ ਆਮਦਨੀ ਕਿਵੇਂ ਨਿਸ਼ਚਿਤ ਕਰਦੇ ਹੋ ?

ਹਰ ਸਾਲ ਸਾਨੂੰ ਕਨੇਡਾ ਮਾਲ ਏਜੰਸੀ (ਕੈਨੇਡਾ ਰੈਵੀਨਿਊ ਏਜੰਸੀ - ਸੀ ਆਰ ਏ) ਵੱਲੋਂ ਜਾਣਕਾਰੀ ਮਿਲਦੀ ਹੈ ਜੋ ਸਾਨੂੰ ਬਰਾਬਰ ਦੇ ਸੀ ਪੀ ਪੀ, ਇਮਪਲੌਇਮਿੰਟ ਇੰਸ਼ਿਓਰਨਸ ਐਂਡ ਇਨਕਮ ਟੈਕਸ ਅਮਾਊਂਟ ਬਾਰੇ ਦੱਸਦਾ ਹੈ, ਜਿਨ੍ਹਾਂ ਦੀ ਮਦਦ ਨਾਲ਼ ਅਸੀਂ ਨੈੱਟ ਆਮਦਨੀ ਦਾ ਅਨੁਮਾਨ ਲਗਾਉਂਦੇ ਹਾਂ | ਫਿਰ ਅਸੀਂ ਇਸ ਨੈੱਟ ਆਮਦਨ ਦਾ ੯੦% ਭੁਗਤਾਨ ਕਰਦੇ ਹਾਂ |

**ਉਦਾਹਰਣ**

| ਗਰੌਸ ਆਮਦਨ ੨੦੧੯ ਨਿੱਜੀ ਬੀਮਾ ਰਾਸ਼ੀ | ਨੈੱਟ ਸਲਾਨਾ ਆਮਦਨ ਦਾ ੯੦% | ਨੈੱਟ ਹਫ਼ਤਾਵਾਰ ਮੁਆਵਜ਼ੇ ਦੀ ਦਰ ਦਾ ੯੦% |
|---|---|---|
| $੩੧,੩੦੦ (੨੦੧੯ ਨਿਮਨਤਮ ) | $ ੨੩,੩੦੫.੮੧ | $ ੪੪੬.੯੬ |
| $ ੩੫,੦੦੦ | $ ੨੫,੬੩੮ | $ ੪੯੧.੬੯ |
| $ ੪੦,੦੦੦ | $ ੨੮,੭੯੦.੧੩ | $ ੫੫੨.੧੪ |
| $ ੪੫,੦੦੦ | $ ੩੧,੯੪੨.੦੫ | $ ੬੧੨.੫੯ |
| $ ੫੦,000 | $ ੩੧,੯੨੫.੬੮ | $ ੬੬੯.੮੧ |

## ਜੇਕਰ ਸੱਟ ਲੱਗਣ ਸਮੇਂ ਮੇਰੇ ਕੋਲ਼ ਇੱਕ ਹੋਰ ਕੰਮ ਹੋਵੇ ਤਾਂ ਫਿਰ ਕੀ ਹੋਵੇਗਾ ?

ਜੇਕਰ ਫੱਟੜ ਹੋਣ ਸਮੇਂ ਤੁਹਾਡੇ ਕੋਲ਼ ਇੱਕ ਹੋਰ ਨੌਕਰੀ ਸੀ ਅਤੇ ਆਪਣੀ ਸੱਟ ਕਾਰਣ ਤੁਸੀਂ ਉਹ ਦੂਸਰੀ ਨੌਕਰੀ ਨਹੀਂ ਕਰ ਪਾ ਰਹੇ ਤਾਂ ਹੋ ਸਕਦਾ ਹੈ ਕਿ ਮੁਆਵਜ਼ੇ ਦੀ ਦਰ ਨਿਸ਼ਚਿਤ ਕਰਨ ਸਮੇਂ ਅਸੀਂ ਉਸ ਆਮਦਨੀ ਨੂੰ ਵੀ ਧਿਆਨ ਵਿੱਚ ਰੱਖੀਏ | ਅਸੀਂ ਇਸ ਨੂੰ ਕੌਨਕਰੰਟ ਰੇਟ ਕਹਿੰਦੇ ਹਾਂ |

## ਕੀ ਤੁਹਾਡੇ ਆਪਣੀ ਨਿੱਜੀ ਬੀਮਾ ਬਾਰੇ ਪ੍ਰਸ਼ਨ ਹਨ ?

ਜੇਕਰ ਤੁਹਾਡੇ ਨਿੱਜੀ ਬੀਮਾ ਬਾਰੇ ਹੋਰ ਸਵਾਲ ਹਨ ਤਾਂ ਇਸ ਲਿੰਕ ਤੇ ਜਾਓ https://www.wcb.ab.ca/about-wcb/contact-us.html

## ਮੇਰੇ ਕੋਲ਼ ਵਧੇਰੇ ਜਾਣਕਾਰੀ ਲੈਣ ਲਈ ਹੋਰ ਕਿਹੜੇ ਸਰੋਤ ਹਨ ?

ਵਰਕਰਜ਼ ਕੰਪਨਸੇਸ਼ਨ ਐਕਟ ਦੇ ਸੈਕਸ਼ਨ ੧੫(੧) ਔਫ਼ ਵਰਕਰਜ਼ ਕੰਪਨਸੇਸ਼ਨ ਐਕਟ ਦੇ ਸੈਕਸ਼ਨ ੫੬ ਔਫ਼ ਵਰਕਰਜ਼ ਕੰਪਨਸੇਸ਼ਨ ਐਕਟ ਦੇ ਸੈਕਸ਼ਨ ੧(੨) ਔਫ਼ ਜਨਰਲ ਰੈਗੂਲੇਸ਼ਨ ਅਪੈਂਡਿਕਸ ਈ - ਡਬਲਯੂ ਸੀ ਬੀ ਪਾਲਿਸੀ ਮੈਨਯੂਲ ਵਿੱਚੋਂ |

ਡਬਲਯੂ ਸੀ ਬੀ ਪਾਲਿਸੀ ਮੈਨੂਅਲ ਵਿੱਚੋਂ ਅਪੈਂਡਿਕਸ ਐਫ਼

ਡਬਲਯੂ ਸੀ ਬੀ ਪਾਲਿਸੀ ੦੪-੦੧ ਭਾਗ I - ਨੈੱਟ ਆਮਦਨੀ ਸਥਾਪਤ ਕਰਨਾ

ਡਬਲਯੂ ਸੀ ਬੀ ਪਾਲਿਸੀ ੦੪-੦੧ ਭਾਗ II - ਪਾਠ ੪ (ਲਾਭ) ਵਿਸ਼ਾ ਏ੧ (ਆਮ)

ਡਬਲਯੂ ਸੀ ਬੀ ਪਾਲਿਸੀ ੦੪-੦੧ ਭਾਗ II - ਪਾਠ ੪ (ਲਾਭ) ਵਿਸ਼ਾ ਏ੨ (ਵਿਸ਼ਿਸ਼ਟ ਪਰਿਸਥਿਤੀਆਂ)

ਡਬਲਯੂ ਸੀ ਬੀ ਪਾਲਿਸੀ ੦੬-੦੨ ਭਾਗ I - ਕਾਮੇ ਅਤੇ ਕੰਮਦਾਤਿਆਂ ਲਾਇ ਬੀਮਾ

ਡਬਲਯੂ ਸੀ ਬੀ ਪਾਲਿਸੀ ੦੬-੦੨ ਭਾਗ II - ਕਾਮੇ ਅਤੇ ਕੰਮਦਾਤਿਆਂ ਲਈ ਬੀਮਾ

**ਨਿੱਜੀ ਬੀਮਾ ਤੱਥ ਪੱਤਰ:**

https://www.wcb.ab.ca/assets/pdfs/employers/EFS_Personal_Coverage.pdf

https://www.wcb.ab.ca/assets/pdfs/employers/EFS_Guaranteed_coverage.pdf

ਨੈੱਟ ਅਰਨਿੰਗਸ ਫ਼ੈਕਟ ਸ਼ੀਟ ਦਾ ੯੦%